# (ਸ਼ਹੀਦ) ਦਰਸ਼ਨ ਸਿੰਘ ਫੇਰੂਮਾਨ ਤੇ ਗ਼ਦਰੀ ਕਿਰਤੀ ਲਹਿਰ

ਮਲਵਿੰਦਰ ਜੀਤ ਸਿੰਘ ਵੜੈਚ

ਸ੍ਰੋਤ:– "ਦੀ ਗ਼ਦਰ ਡਾਇਰੈਕਟਰੀ" ਸੰਕਲਿਤ ਕਰਤਾ: ਡਾਇਰੈਕਟਰ ਇੰਟੈਲੀਜੈਂਸ ਬਿਊਰੋ, ਹੋਮ ਡਿਪਾਰਟਮੈਂਟ, ਗੌਰਮੈਂਟ ਔਫ਼ ਇੰਡੀਆ ਦੁਆਰਾ 29 ਮਾਰਚ 1934 ਨੂੰ ਸੰਪਾਦਿਤ ਖ਼ੁਫ਼ੀਆ ਰਿਪੋਰਟ 'ਚੋਂ: ਅਨੁਵਾਦਿਕ।

ਦਰਸ਼ਨ ਸਿੰਘ ਸਪੁੱਤਰ ਚੰਦਾ ਸਿੰਘ, ਪਿੰਡ ਫੇਰੂਮਾਨ, ਥਾਣਾ ਬਿਆਸ, ਜ਼ਿਲ੍ਹਾ ਅੰਮ੍ਰਿਤਸਰ। ਪਹਿਲੀ ਵਾਰ ਉਹ ਜੁਲਾਈ 1923 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਸਰਗਰਮੀਆਂ 'ਚ ਦੇਖਿਆ ਗਿਆ ਸੀ। ਪਿੱਛੋਂ ਉਹ ਜੈਤੋ ਵਾਲੇ ਸ਼ਹੀਦੀ ਜਥਿਆਂ ਚੋਂ ਇੱਕ ਜਥੇ ਦਾ ਜਥੇਦਾਰ ਬਣਿਆ ਅਤੇ ਉਹਨੂੰ ਛੇ ਮਹੀਨੇ ਦੀ ਸਖ਼ਤ ਕੈਦ ਤੇ 100 ਰੁਪੈ ਜੁਰਮਾਨੇ ਦੀ ਸਜ਼ਾ ਹੋਈ ਸੀ। ਮਈ 1926 'ਚ ਉਸਨੂੰ ਸਿਖ ਸੈਂਟ੍ਰਲ ਬੋਰਡ ਦਾ ਮੈਂਬਰ ਨਾਮਜ਼ਦ ਕੀਤਾ ਗਿਆ ਸੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਦਾ ਮੈਂਬਰ ਵੀ। 1927 ਦੌਰਾਨ ਉਹ ਹਿੰਦੋਸਤਾਨ ਅੰਦਰ ਕਮਿਊਨਿਸਟ ਨਿਜ਼ਾਮ ਦਾ ਮੁਦਈ ਬਣ ਗਿਆ ਤੇ ਕਿਰਤੀ ਗਰੁਪ ਵੱਲੋਂ ਸੈਂਟ੍ਰਲ ਸਿੱਖ ਲੀਗ ਦੇ 5 ਅਕਤੂਬਰ 1927 ਦੇ ਹੋਸ਼ਿਆਰਪੁਰ ਵਾਲੇ ਸਮਾਗਮ ਮੌਕੇ ਮਜ਼ਦੂਰ ਕਾਨਫਰੰਸ 'ਚ ਬਾਗੀਆਨਾ ਤਕਰੀਰ ਕੀਤੀ, ਜਿਸ ਵਿੱਚ ਉਹਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਦੇਸ਼ ਦੀ ਮੁਕਤੀ ਆਮ ਜਨਤਾ ਦੇ ਜਾਗਰੂਕ ਹੋਣ ਤੇ ਹੀ ਹੋਵੇਗੀ। ਸਤੰਬਰ 1927 'ਚ ਉਹਦੇ ਕਿਰਤੀ ਪ੍ਰਚਾਰ ਵਿੱਚ ਸਰਗਰਮ ਹੋਣ ਦੀ ਇਤਲਾਹ ਮਿਲੀ ਸੀ। ਅਪ੍ਰੈਲ 1928 ਮੌਕੇ ਪੰਜਾਬ ਪ੍ਰੋਵਿਨਸ਼ਲ ਪੋਲੀਟਿਕਲ ਕਾਨਫਰੰਸ ਅੰਦਰ ਪੂਰਨ ਆਜ਼ਾਦੀ ਦਾ ਮਤਾ ਪਾਸ ਕਰਨ ਵਾਲੇ ਸਮਾਗਮ 'ਚ ਵੀ ਉਹ ਸ਼ਾਮਿਲ ਸੀ। 1928 'ਚ ਉਹ ਸਾਲ ਭਰ ਕਿਰਤੀ ਪਾਰਟੀ ਦੇ ਪ੍ਰਚਾਰ ਅਤੇ ਕਿਸਾਨ-ਮਜ਼ਦੂਰ ਪਾਰਟੀ (Peasants and Workers Party) ਕਾਇਮ ਕਰਨ ਹਿਤ ਰੁਝਿਆ ਰਿਹਾ। ਉਹਦੇ ਪਿਛਲੇ ਰਿਕਾਰਡ ਦੇ ਮੱਦੇ-ਨਜ਼ਰ ਉਹਦੀ ਅਫ਼ਗਾਨੀਸਤਾਨ ਵਿਖੇ ਹੋਣ ਵਾਲੀ ਸਰਬ-ਏਸ਼ੀਆਈ ਕਾਨਫਰੰਸ ਤੇ ਜਾਣ ਲਈ ਪਾਸਪੋਰਟ ਲਈ ਦਿੱਤੀ ਅਰਜ਼ੀ ਨਾਮਨਜ਼ੂਰ ਕਰ ਦਿੱਤੀ ਗਈ ਸੀ। ਉਹ ਸਮੁੰਦ ਸਿੰਘ ਵਾਸੀ ਪਿੰਡ ਰਈਆ ਕਲਾਂ, ਜ਼ਿਲ੍ਹਾ ਅੰਮ੍ਰਿਤਸਰ (ਜਿਹੜਾ ਪਹਿਲੀ ਜੰਗ ਦੌਰਾਨ ਬਾਗੀਆਨਾ ਪ੍ਰਚਾਰ ਕਰਦਾ ਰਿਹਾ ਸੀ) ਨਾਲ 'ਕਿਰਤੀ' ਰਸਾਲੇ ਤੇ ਪਾਬੰਦੀ ਲਈ ਜ਼ੁਮੇਵਾਰ ਵਿਅਕਤੀਆਂ ਦੀ ਪਹਿਚਾਣ ਕਰਨ ਤੇ ਨੌਜਵਾਨ ਭਾਰਤ ਸਭਾ ਲਈ ਉਗਰਾਹੀ ਕਰਨ ਲਈ ਮਲਾਇਆ ਦੇ ਦੌਰੇ ਤੇ ਗਿਆ ਸੀ। ਉਥੋਂ ਉਹਨੂੰ ਉਹਦੀਆਂ ਇਤਰਾਜ਼ਯੋਗ ਸਰਗਰਮੀਆਂ ਕਰਕੇ 3 ਅਕਤੂਬਰ 1929 ਨੂੰ ਹਿੰਦੋਸਤਾਨ ਵਾਪਸ ਭੇਜ (deported) ਦਿੱਤਾ ਗਿਆ ਸੀ, ਅਤੇ ਇਹ ਸੁਨਿਸਚਿਤ ਕਰ ਦਿੱਤਾ ਗਿਆ ਸੀ ਕਿ ਭਵਿੱਖ ਵਿੱਚ ਕਦੇ ਵੀ ਉਹਨੂੰ ਪਾਸਪੋਰਟ ਜਾਰੀ ਨਹੀਂ ਕੀਤਾ ਜਾਏਗਾ। ਨਵਬਰ 1929 'ਚ ਉਹ ਨੂੰ ਅੰਮ੍ਰਿਤਸਰ ਜ਼ਿਲ੍ਹਾ ਕਾਂਗਰਸ ਕਮੇਟੀ ਦਾ ਜਨਰਲ ਸਕੱਤਰ ਚੁਣ ਲਿਆ ਗਿਆ ਸੀ। ਉਹਨੇ 1930 ਦੌਰਾਨ ਅੰਮ੍ਰਿਤਸਰ ਜ਼ਿਲ੍ਹੇ ਦੇ ਨਵ-ਬੰਦੋਬਸਤ (Resettlement) ਵਿਰੁੱਧ ਅੰਦੋਲਨ ਖੜਾ ਕਰਨ ਦਾ ਉਪਰਾਲਾ ਕੀਤਾ ਤੇ ਧਮਕੀ ਦਿੱਤੀ ਜੇ ਅੰਮ੍ਰਿਤਸਰ ਦੇ ਜ਼ਿਮੀਂਦਾਰਾਂ ਦੀਆਂ ਮੰਗਾਂ ਨਾ ਮੰਨੀਆਂ ਗਈਆਂ ਤਾਂ ਉਹ ਪੰਜਾਬ ਅਦਰ ਇੱਕ ਹੋਰ 'ਬਾਰਦੋਲੀ' ਲਿਆ ਦੇਵੇਗਾ। ਮਈ 1930 'ਚ ਤਰਨ ਤਾਰਨ ਵਿਖੇ ਸਿਵਲ ਨਾ-ਫ਼ਰਮਾਨੀ ਅੰਦੋਲਨ (Civil Disobedience Movement) ਵਿੱਚ ਹਿੱਸਾ ਲੈਣ ਦੇ ਜੁਰਮ ਵਿੱਚ ਦਫ਼ਾ 108 Cr.P.C. ਅਧੀਨ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਉਹਨੇ ਸੀਸ ਗੰਜ ਗੁਰਦੁਆਰਾ ਐਜੀਟੇਸ਼ਨ 'ਚ ਭਾਗ ਲਿਆ ਅਤੇ ਮਈ 1930 'ਚ ਉਹ ਸੈਂਟ੍ਰਲ ਸਿੱਖ ਲੀਗ ਦਾ ਜਨਰਲ ਸਕੱਤਰ ਚੁਣਿਆ ਗਿਆ। 11 ਜੂਨ 1930 ਨੂੰ ਉਸ ਨੂੰ ਧਾਰਾ 124-A IPC ਤਹਿਤ ਇੱਕ ਸਾਲ ਦੀ ਸਜ਼ਾ ਦਿੱਤੀ ਗਈ ਤੇ ਗਾਂਧੀ-ਇਰਵਿਨ ਸਮਝੌਤੇ ਮਗਰੋਂ ਰਿਹਾਅ ਕਰ ਦਿੱਤਾ ਗਿਆ ਸੀ। ਮਾਰਚ 1931 ਦੌਰਾਨ ਕਰਾਚੀ ਵਿਖੇ ਆਯੋਜਿਤ ਤੀਜੀ ਕਿਸਾਨ-ਮਜ਼ਦੂਰ ਕਾਨਫਰੰਸ 'ਚ ਭਾਗ ਲਿਆ। ਅਗਸਤ 1932 'ਚ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਧਾਰਾ 108 Cr.P.C. ਦੇ ਤਹਿਤ ਦੋਸ਼ੀ ਠਹਿਰਾਇਆ ਗਿਆ, ਉਸ ਤੇ ਸਪੈਸ਼ਲ ਪਾਵਰਜ਼ ਆਰਡੀਨੈਂਸ-1932 ਅਧੀਨ ਪਾਬੰਦੀ ਦਾ ਆਦੇਸ਼ ਦੇ ਦਿੱਤਾ ਗਿਆ। ਲਾਇਲਪੁਰ ਵਿਖੇ ਅਕਤੂਬਰ 1932 ਵਿੱਚ ਹੋਈ ਸਿੱਖ ਪੋਲੀਟਿਕਲ ਕਾਨਫਰੰਸ 'ਚ ਗਿਆ ਤੇ ਉਸੇ ਸਾਲ ਦਸੰਬਰ ਵਿੱਚ ਮਜ਼ਦੂਰ ਕਿਸਾਨ ਸਭਾ ਦਾ ਸੂਬਾਈ ਸਕਤਰ ਥਾਪਿਆ ਗਿਆ। ਫਿਰ ਉਹਦੇ ਤੇ 3 ਜਨਵਰੀ 1933 ਨੂੰ

ਪੰਜਾਬ C.L.A. Act ਦੀ ਧਾਰਾ ਤਹਿਤ ਪਾਬੰਦੀ ਲਾ ਦਿੱਤੀ ਗਈ। ਉਹ ਖਤਰਨਾਕ ਸਰਕਾਰ ਵਿਰੋਧੀ ਤੇ ਸਿਰਕੱਢ ਅਕਾਲੀ ਕਿਰਤੀ ਕਿਸਾਨ ਵਰਕਰ ਹੈ। ਜ਼ਮੀਨੀ ਜਾਇਦਾਦ ਦਾ ਮਾਲਕ ਹੈ।

**ਪਛਾਣ**: ਉਮਰ ਲਗਭਗ 43 ਸਾਲ, ਕਣਕ-ਵਿਨਾ ਰੰਗ, ਗਠਿਆ ਸਰੀਰ, ਗੋਲ ਚਿਹਰਾ, ਕਦ 5'-7", ਦਾੜ੍ਹੀ ਰੱਖਦਾ ਹੈ।

ਪਿੰਡ ਤੇ ਡਾਕਘਰ ਸਕੇਤੜੀ, ਜ਼ਿਲ੍ਹਾ ਪੰਚਕੂਲਾ 134109
ਫੋਨ: 0172-2556314
ਈਮੇਲ: mjswaraich29@gmail.com

---